# ਕੁਰਕੁਰੇ ਦੀ ਨਵੀਂ ਲਜੀਜ ਪੇਸ਼ਕਸ਼-ਕੁਰਕੁਰੇ ਫੰਜਾਬੀ ਕੜਾਈ ਮਸਾਲਾ ਲਾਂਚ

ਲੁਧਿਆਣਾ, 11 ਫਰਵਰੀ (ਸਚਦੇਵਾ)-ਭਾਰਤ ਦੇ ਸਭ ਤੋਂ ਮਸ਼ਹੂਰ ਅਤੇ ਲੱਜਤਦਾਰ ਸਨੈਕ ਫੂਡ ਬ੍ਰਾਂਡ ਕੁਰਕੁਰੇ ਨੇ ਆਪਣੇ ਨਮਕੀਨ ਦੇ ਨਵੇਂ ਬ੍ਰਾਂਡ ਨੂੰ ਲਾਂਚ ਕੀਤਾ ਹੈ। ਪੰਜਾਬੀ ਰਸੋਈ ਦੇ ਬੇਮਿਸਾਲ ਸਵਾਦ ਅਤੇ ਖੁਸ਼ਬੂ ਵਾਲੇ ਕੁਰਕੁਰੇ ਦੇ ਇਸ ਨਵੇਂ ਨਮਕੀਨ ਦਾ ਨਾਮ ਹੈ 'ਫੰਜਾਬੀ ਕੜਾਈ ਮਸਾਲਾ'। ਕੁਰਕੁਰੇ ਦਾ ਫੰਜਾਬੀ ਕੜਾਈ ਮਸਾਲਾ ਰਾਜਮਾਂ ਨਾਲ ਬਣਾਇਆ ਗਿਆ ਹੈ ਅਤੇ ਇਹ ਦਾਲਚੀਨੀ, ਲੌਂਗ ਅਤੇ ਕਾਲੀ ਇਲਾਇਚੀ ਦੇ ਦੇ ਖੁਸ਼ਬੂਦਾਰ ਜਾਇਕੇ ਨਾਲ ਮਾਲਾਮਾਲ ਹੈ। ਇਹੋ ਨਹੀਂ ਇਸ 'ਚ ਥੋੜਾ ਜਿਹਾ ਟਮਾਟਰ ਵੀ ਪਿਆ ਹੈ, ਜੋ ਇਸਦੇ ਸਵਾਦ ਨੂੰ ਹੋਰ ਵੀ ਚਟਪਟਾ ਬਣਾ ਦਿੰਦਾ ਹੈ। ਫੰਜਾਬੀ ਕੜਾਈ ਮਸਾਲਾ ਦੀ ਲਾਂਚਿੰਗ ਮੌਕੇ ਫ੍ਰਿਟੋ ਲੇ ਇੰਡੀਆ ਦੀ ਮਾਰਕੀਟਿੰਗ ਡਾਇਰੈਕਟਰ ਦੀਪਿਕਾ ਵਾਰੀਅਰ ਨੇ ਕਿਹਾ ਕਿ ਭਾਰਤੀ ਸਨੈਕ ਬਾਜ਼ਾਰ ਦੇ ਮੂਹਰੀ ਬ੍ਰਾਂਡ ਦੇ ਤੌਰ ਤੇ ਸਥਾਪਿਤ ਕੁਰਕੁਰੇ ਹਮੇਸ਼ਾ ਅਨੋਖੇ ਅਤੇ ਲਾਜਵਾਬ ਜਾਇਕਾ ਰਾਹੀ ਆਪਣੇ ਗ੍ਰਾਹਕਾਂ ਨੂੰ ਸਵਾਦ ਸਰਪ੍ਰਾਈਜ਼ ਦੇਣ ਦੇ ਲਈ ਮਸ਼ਹੂਰ ਰਿਹਾ ਹੈ। ਨਵਾਂ ਕੁਰਕੁਰੇ ਫੰਜਾਬੀ ਕੜਾਈ ਮਸਾਲਾ ਪੰਜਾਬ ਦੇ ਦਿਲਦਾਰ ਫਨ ਸਪਿਰਟ ਭਾਵ ਮਸਤਮੌਲਾ ਮਿਜ਼ਾਜ ਅਤੇ ਉਥੇ ਖਾਨ ਪਾਨ ਦੀ ਸ਼ੈਲੀ ਤੋਂ ਪ੍ਰੇਰਿਤ ਹੈ। ਕੁਰਕੁਰੇ ਦੀ ਨਵੀਂ ਸਵਾਦ ਪੇਸ਼ਕਸ਼ ਫੰਜਾਬੀ ਕੜਾਈ ਮਸਾਲਾ 3 ਸਾਈਜ਼ਾਂ 'ਚ ਉਪਲੱਬਧ ਹੋਵੇਗੀ। 120 ਗ੍ਰਾਮ, 50 ਗ੍ਰਾਮ ਅਤੇ 20 ਗ੍ਰਾਮ ਦੇ ਇਨ੍ਹਾਂ ਪੈਕਟਾਂ ਦਾ ਮੁੱਲ ਲੜੀਵਾਰ 20 ਰੁ, 10 ਰੁ. ਆਤੇ 5 ਰੁ. ਹੋਵੇਗਾ।